Top

# ਮਃ ੩ ॥ ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ {੬੪੬}

ਜੇਕਰ ਅਸੀਂ ਪਰਿਵਾਰਕ, ਸਮਾਜਕ, ਤੇ ਪੂਰੀ ਮਨੁੱਖਤਾ ਵਿਚ ਏਕਤਾ ਚਾਹੁੰਦੇ ਹਾਂ, ਤਾਂ ਸਿਰਫ ਇਕੋ ਇਕ ਤਰੀਕਾ ਹੈ, ਕਿ ਅਸੀਂ ਗੁਰੂ ਗਰੰਥ ਸਾਹਿਬ ਨੂੰ ਆਪਣਾ ਗੁਰੂ ਬਣਾਈਏ।

ਗੁਰੂ ਗਰੰਥ ਸਾਹਿਬ ਅਨੁਸਾਰ ਅਕਾਲ ਪੁਰਖ ਇਕ ਹੈ, ਗੁਰੂ ਇਕ ਹੈ, ਗਰੰਥ ਇਕ ਹੈ, ਬਾਣੀ ਇਕ ਹੈ, ਸਿਖਿਆ ਇਕ ਹੈ, ਸੋਚ ਇਕ ਹੈ, ਵੀਚਾਰਧਾਰਾ ਇਕ ਹੈ, ਪਿਤਾ ਇਕ ਹੈ, ਮਾਤਾ ਇਕ ਹੈ, ਹੁਕਮੁ ਇਕ ਹੈ, ਨਾਮੁ ਤੀਰਥ ਇਕ ਹੈ, ਜਾਤ ਇਕ ਹੈ, ਕੁਲ ਇਕ ਹੈ, ਭਾਵ ਸਭ ਕੁਝ ਇਕ ਹੀ ਇਕ ਹੈ।

ਜੇ ਕਰ ਅਸੀਂ ਇਕ ਮਨ, ਇਕ ਚਿਤ ਹੋ ਕੇ, ਅਕਾਲ ਪੁਰਖੁ ਦੇ ਸਦਾ ਕਾਇਮ ਰਹਿੰਣ ਵਾਲੇ ਨਾਮੁ ਦੇ ਗੁਣ ਆਪਣੇ ਜੀਵਨ ਵਿਚ ਅਪਨਾ ਲਈਏ ਤਾਂ ਅਸੀਂ ਆਪਣਾ ਤੇ ਪੂਰੀ ਮਨੁੱਖਤਾ ਦਾ ਜੀਵਨ ਸਫਲ ਕਰ ਸਕਦੇ ਹਾਂ।

“ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ”

https://gurmat-research.com/
http://www.geocities.ws/sarbjitsingh/

P02

Top

# ਏਕੁ ਪਿਤਾ ਏਕਸ ਕੇ ਹਮ ਬਾਰਿਕ

ਗੁਰੂ ਸਾਹਿਬ ਸਾਨੂੰ ਇਕ ਮਿੱਤਰ ਦੀ ਤਰ੍ਹਾਂ ਸੰਬੋਧਨ ਕਰਕੇ ਸਮਝਾਉਂਦੇ ਹਨ, ਕਿ ਅਕਾਲ ਪੁਰਖੁ ਸਾਡਾ ਸਭ ਦਾ ਸਾਝਾਂ ਪਿਤਾ ਹੈ, ਅਸੀਂ ਇਕੋ ਪਿਤਾ ਦੇ ਬੱਚੇ ਹਾਂ, ਫਿਰ, ਤੁਸੀਂ ਸਾਰੇ ਮੇਰੇ ਗੁਰਭਾਈ ਹੀ ਹੋ ਗਏ।

*ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥* {੬੧੧}

ਗੁਰਮੁਖਾਂ ਅੱਗੇ ਬੇਨਤੀ ਕਰਨੀ ਹੈ, ਕਿ ਮੈਂ ਤੇਰੇ ਚਰਨਾਂ ਦੀ ਧੂੜ ਤੋਂ ਕੁਰਬਾਨ ਜਾਂਦਾ ਹਾਂ। ਮੈਂ ਆਪਣਾ ਹੰਕਾਰ ਤਿਆਗ ਕੇ ਆਪਣੇ ਮਨ ਨੂੰ ਸਬਦ ਗੁਰੂ ਦਾ ਆਗਿਆਕਾਰ ਬਣਾਣ ਲਈ ਤਿਆਰ ਹਾਂ।

*ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥ ਇਹੁ ਮਨੁ ਤੇਰਾ ਭਾਈ ॥ ਰਹਾਉ ॥* {੬੧੧}

ਮੈਂ ਹੁਕਮੁ ਤੇ ਰਜਾ ਵਿਚ ਰਹਿੰਣ ਲਈ ਤਿਆਰ ਹਾਂ। ਤਾਂ ਜੋ ਮੈਂ ਗੁਰਬਾਣੀ ਦੁਆਰਾ ਅਕਾਲ ਪੁਰਖ ਨੂੰ ਸਭ ਵਿਚ ਵਸਦਾ ਵੇਖ ਸਕਾਂ।

*ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥੧॥* {੬੧੧}

https://gurmat-research.com/

http://www.geocities.ws/sarbjitsingh/